# ਫਕੀਰ ਦੇ ਪੈਰਾਂ ਦੀ ਧੂੜ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਸਾਗਰਦੀਪ

**ਫਕੀਰ ਦੇ ਪੈਰਾਂ ਦੀ ਧੂੜ**

**ਵੱਲੋਂ**

**ਸਾਗਰਦੀਪ**

**ਸੱਚੇ ਫਕੀਰ ਦੇ ਪੈਰਾਂ ਦੇ ਨਾ**

# ਤਤਕਰਾ

ਸੱਚੇ ਫਕੀਰ ਦੇ ਪੈਰਾਂ ਦੇ ਨਾਂ ਪੇਜ਼ ਨੰਬਰ


- ਸੱਚੇ ਫਕੀਰ 5
- ਵਕਤ ਦੇ ਬਦਲਾਅ 5
- ਬੱਦਲਾਂ ਦੇ ਪਾਰ ਦੇ ਬਾਸ਼ਿੰਦੇ 6
- ਅਣਜਾਣ ਮੁਸਾਫ਼ਰ 7
- ਨਵੀਂ ਸ਼ੁਰੂਆਤ 8
- ਬਦਲਦੇ ਰੰਗ 9
- ਠਹਿਰਾਵ 10
- ਪੱਥਰਾਂ ਦੀ ਦੁਨੀਆਂ 11
- ਉਮੀਦ 12
- ਫਕੀਰ ਦੇ ਪੈਰਾਂ ਦੀ ਧੂੜ 13
- ਤੇਰੇ ਨਾਂ 14
- ਬੇੜੀਆਂ 15
- ਸੁੱਖਾਂ ਦੇ ਵਾਸੀ 17
- ਟੁੱਟੀ ਰੂਹ 18
- ਤਿੜਕਦੇ ਰਿਸ਼ਤੇ 19
- ਅਧੂਰੀ ਰੀਝ 20
- ਨਾਮ ਦੇ ਰਿਸ਼ਤੇ 21
- ਮੁਸਾਫ਼ਰ ਖ਼ਾਨਾ 22
- ਰਿਸ਼ਤੇ 23
- ਦਾਗ਼ 24

- ਲੰਮੇ ਪੈਂਡੇ 25
- ਅਮਰ ਪਰਿੰਦੇ 25
- ਕਵਰਾਂ ਦੇ ਫੁੱਲ 26
- ਇੱਕ ਸ਼ਾਮ 27
- ਸ਼ਿਕਵਾ 28
- ਮੁੱਕੇ ਲਫਜ਼ 29
- ਇੱਕ ਰੋਗ 30
- ਰਾਖ 31
- ਇੰਤਜ਼ਾਰ 32
- ਘਰ ਵਾਪਸੀ 33
- ਗੁਨਾਹ 34
- ਖੁਦਾ 35
- ਔਰਤ 37
- ਮਿੱਟੀ ਦੀ ਮਹਿਕ 38
- ਸਿਫ਼ਤ 39
- ਭੁੱਖ ਦੀ ਅੱਗ 40
- ਅੰਨ੍ਹੀ ਦੌੜ 41
- ਸਮੇਂ ਦਾ ਗੇੜ 42
- ਸਾਡੇ ਸੱਚ 43
- ਪਵਿੱਤਰ ਦਰ 44

## ਸੱਚੇ ਫਕੀਰ

ਦਰ-ਦਰ ਤੇ ਜੋ ਮੰਗਦੇ ਫਿਰਦੇ ਨੇ
ਇਕੱਲਾ ੳ ਲੈਣ ਨਹੀਂ
ਬਹੁਤਾ ਕੁਝ ਦੇਣ ਵੀ ਆਉਂਦੇ ਨੇ
ਇੱਕ ਵਕਤ ਦੀ ਲੈ ਰੋਟੀ
ਰੱਬ ਦੇ ਰੰਗ ਚ ਜਿਉਂਦੇ ਨੇ
ਮੈਂ ਗੱਲ ਕਰਦਾ ਸੱਚੇ ਫਕੀਰਾਂ ਦੀ
ਨਾ ਅੱਜ ਕੱਲ ਦੀਆ ਲੀਰਾਂ ਦੀ
ਉਂਝ ਬਾਣਾ ਤਾਂ ਬੜੇ ਹੀ ਇੱਥੇ ਪਾਉਂਦੇ ਨੇ
ਉਂਝ ਬਾਣਾ ਤਾਂ ਬੜੇ ਹੀ ਇੱਥੇ ਪਾਉਂਦੇ ਨੇ

## ਵਕਤ ਦੇ ਬਦਲਾਅ

ਕੁਦਰਤ ਦੇ ਸਾਜ਼ ਜੇ ਸੁਣ ਕੇ
ਰੂਹ ਅੱਜ ਵੀ ਅੰਬਰਾਂ ਦੀ ਸੈਰ
ਕਰ ਆਉਂਦੀ ਏ
ਕਹਿਣ ਨੂੰ ਬਹੁਤਾ
ਕੁੱਝ ਅਸਾਂ ਪਾ ਲਿਆ
ਜੋ ਗਵਾਈ ਬੈਠੇ ਆ
ਬਸ ਉਸ ਨੂੰ ਚੇਤੇ ਕਰ
ਅੱਖ ਜੀ ਭਰ ਆਉਂਦੀ ਏ

ਵਕਤ ਨੇ ਕਰਵਟ ਲਈ ਕਾਦੀ
ਅਸਾਂ ਸਭ ਕੁੱਝ ਹੀ ਗਵਾ ਲਿਆ
ਜੋ ਦਿੱਤਾ ਸਾਡੀਆਂ ਪੀੜ੍ਹੀਆਂ ਨੇ
ਅਸਾਂ ਦੌਲਤ ਦੀ ਭੱਠੀ ਦੀ
ਅੱਗ ਚ ਜਲਾ ਲਿਆ
ਵੇਖ ਹਾਲ ਇੱਥੇ ਸਭ ਦੇ
ਰੂਹ ਕਰਲਾਉਂਦੀ ਏ

ਕੁਦਰਤ ਦੇ ਸਾਜ਼ ਜੇ ਸੁਣ ਕੇ
ਰੂਹ ਅੱਜ ਵੀ ਅੰਬਰਾਂ ਦੀ
ਸੈਰ ਕਰ ਆਉਂਦੀ ਏ
ਕੁਦਰਤ ਦੇ ਸਾਜ਼ ਜੇ ਸੁਣ ਕੇ
ਰੂਹ ਅੱਜ ਵੀ ਅੰਬਰਾਂ ਦੀ
ਸੈਰ ਕਰ ਆਉਂਦੀ ਏ

## ਬੱਦਲਾਂ ਦੇ ਪਾਰ ਦੇ ਬਾਸ਼ਿੰਦੇ

ਬੱਦਲਾਂ ਦੇ ਪਾਰ ਦੇ ਵਾਸੀ ਨੇ
ਜਿਨ੍ਹਾਂ ਨੂੰ ਅਸੀਂ ਚਾਹੁੰਦੇ ਹਾਂ
ਰੋਜ਼ ਮਨ ਦੇ ਮਹਿਲ ਚ
ਉਨ੍ਹਾਂ ਦੀ ਜੋਤ ਜਗਾਉਂਦੇ ਹਾਂ

ਉਨ੍ਹਾਂ ਦੀ ਸਾਦਗੀ ਦੀਆਂ
ਬਾਤਾਂ ਅਸੀਂ ਰੋਜ਼ ਹੀ ਪਾਉਂਦੇ ਹਾਂ

ਰੋਜ਼ ਸਵੇਰੇ ਉੱਠ ਤੜਕੇ
ਉਨ੍ਹਾਂ ਨਾ ਨਾਮ ਧਿਆਉਂਦੇ ਹਾਂ
ਰੋਜ਼ ਸਵੇਰੇ ਉੱਠ ਤੜਕੇ
ਉਨ੍ਹਾਂ ਨਾ ਨਾਮ ਧਿਆਉਂਦੇ ਹਾਂ

## ਅਣਜਾਣ ਮੁਸਾਫ਼ਿਰ

ਪੱਥਰਾਂ ਦੀ ਦੁਨੀਆਂ ਚ
ਰਹਿੰਦੇ-ਰਹਿੰਦੇ ਕਦ ਆਪ
ਪੱਥਰ ਹੋ ਗਏ
ਪਤਾ ਹੀ ਨਾ ਲੱਗਾ

ਜਦ ਮਿਲਣਾ ਚਾਹਿਆ
ਆਪਣੇ ਆਪ ਨੂੰ
ਅਸੀਂ ਤਾਂ ਕਦ ਦੇ ਸੀ ਮਰੇ ਹੋਏ
ਪਤਾ ਹੀ ਨਾ ਲੱਗਾ

ਮਿੱਟੀ ਵਿੱਚੋਂ ਆਪਣਿਆਂ ਦੀ
ਮਿੱਟੀ ਛਾਣਦੇ-ਛਾਣਦੇ ਕਦ
ਆਪ ਮਿੱਟੀ ਬਣ ਗਏ
ਪਤਾ ਹੀ ਨਾ ਲੱਗਾ

ਕਦ ਬਚਪਨ ਬੀਤਿਆ
ਤੇ ਆਣ ਜਵਾਨੀ ਨੇ ਕਦ
ਹੱਥੀਂ ਜਿੰਮੇਵਾਰੀ ਦੀ ਡੋਰ ਫੜਾਈ

ਪਤਾ ਹੀ ਨਾ ਲੱਗਾ

ਖ਼ੁਆਇਸ਼ਾ ਦੀ ਫ਼ਸਲ
ਉੱਗਣ ਤੋਂ ਪਹਿਲਾਂ ਹੀ
ਕਦ ਮੁਰਝਾ ਗਈ
ਪਤਾ ਹੀ ਨਾ ਲੱਗਾ

ਕਦ ਬੀਤੀ ਜਵਾਨੀ ਤੇ
ਕਦ ਸਿਵਿਆਂ ਦੇ
ਰਾਹ ਤੁਰ ਪਏ
ਪਤਾ ਹੀ ਨਾ ਲੱਗਾ
ਸੱਚੀ ਪਤਾ ਹੀ ਨਾ ਲੱਗਾ
ਸੱਚੀ ਪਤਾ ਹੀ ਨਾ ਲੱਗਾ

## ਨਵੀਂ ਸ਼ੁਰੂਆਤ

ਸੁੰਨੀਆਂ ਰਾਹਾਂ ਨੂੰ ਜਿਨ੍ਹਾਂ
ਰਾਹ ਬਣਾਇਆ
ਸਾਰੀ ਉਮਰ ਓ ਇਕੱਲਿਆਂ
ਰਹਿੰਦੇ ਨਾ
ਮਿਲ ਜਾਂਦੇ ਨੇ ਇਸ ਹੱਸਦੀ
ਵੱਸਦੀ ਦੁਨੀਆਂ ਚ
ਤਾਰਿਆਂ ਜਿੰਨੇ ਲੋਕ
ਚੰਨ ਦੀ ਕਮੀ ਤਾਂ ਉਂਝ

ਸਾਰੀ ਜ਼ਿੰਦਗੀ ਰਹਿੰਦੀ ਆ

ਕਰ ਇੱਕ ਵਾਰ ਫਿਰ ਤੋਂ
ਵਿਸ਼ਵਾਸ ਆਪਣੇ ਤੇ
ਸਾਰੀ ਉੱਮਰ ਹੀ ਰਾਤ
ਹਨ੍ਹੇਰੀ ਹੀ ਰਹਿੰਦੀ ਨਾ
ਤੁਰ ਪਾ ਲੱਭਣ ਲੋ ਆਸ ਦੀ
ਮਿੱਟਾ ਸੁੱਟ ਜ਼ਿੰਦਗੀ ਚ
ਜੋ ਵੀ ਖਾਲੀ ਥਾਂ ਏ ਰਹਿੰਦੀ ਆ
ਮਿੱਟਾ ਸੁੱਟ ਜ਼ਿੰਦਗੀ ਚ
ਜੋ ਵੀ ਖਾਲੀ ਥਾਂ ਏ ਰਹਿੰਦੀ ਆ

## ਬਦਲਦੇ ਰੰਗ

ਪੱਤਝੜ ਦੀ ਰੁੱਤੇ ਵੀ
ਮੈਂ ਕੁੱਝ ਪੱਤੇ ਅੜਦੇ ਵੇਖੇ ਨੇ
ਬਹੁਤੇ ਪਾਣੀ ਨਾਲ ਵੀ
ਬੂਟੇ ਮਰਦੇ ਵੇਖੇ ਨੇ

ਨਾ ਬਣਿਆ ਕਰ
ਇੱਥੇ ਤੂੰ ਹਰ ਇੱਕ ਦਾ
ਮੈਂ ਆਪਣਾ ਮਤਲਬ ਕੱਡਣ
ਲਈ ਵੀ ਬਹੁਤੇ ਹੱਥ ਫੜਦੇ ਵੇਖੇ ਨੇ

ਸਭ ਨੂੰ ਨਾ ਸਮਝ

ਤੂੰ ਇੱਥੇ ਆਪਣਾ
ਮੈਂ ਬਿਨ੍ਹਾਂ ਗੱਲ ਤੋਂ ਵੀ
ਗੁਨਾਹ ਸਿਰ ਮੜਦੇ ਵੇਖੇ ਨੇ

ਬਦਲ ਦੇਵੇ ਜਦੋਂ ਕਰਤਾਰ
ਰੰਗ ਸਮੇਂ ਦੇ
ਛੱਡ ਕੇ ਗਏ ਵੀ ਮੈਂ
ਜ਼ਿੰਦਗੀ ਚ ਆਉਣ ਲਈ

ਆਪਣੀ ਜ਼ਿੰਦਗੀ ਦੇ
ਬਦਲਦੇ ਢੰਗ ਵੇਖੇ ਨੇ
ਆਪਣੀ ਜ਼ਿੰਦਗੀ ਦੇ
ਬਦਲਦੇ ਢੰਗ ਵੇਖੇ ਨੇ

## ਠਹਿਰਾਵ

ਉਂਝ ਕਹਿਣ ਨੂੰ ਤਾਂ ਚੱਲ ਰਹੀ ਏ
ਹੁਣ ਇਸ ਚ ਨਾ ਪਹਿਲਾਂ
ਵਾਲੀ ਗੱਲ ਰਹੀ ਏ
ਨਾਮ ਦੇ ਰਹਿ ਗਏ ਨੇ ਰਿਸ਼ਤੇ ਇੱਥੇ
ਹਰ ਕੋਈ ਪੈਸੇ ਦੇ ਪਿੱਛੇ ਏ ਨੱਸੇ

ਕਦਰ ਨਾ ਰਹੀ ਏ
ਇਨ੍ਹਾਂ ਉੱਚੀਆਂ ਮੀਨਾਰਾਂ ਦੀ
ਪੈ ਰਹੀ ਏ ਮਾਰ
ਇਸਨੂੰ ਸਮੇਂ ਦੀਆਂ ਮਾਰਾਂ ਦੀ

ਕਹਿਣ ਨੂੰ ਉਂਝ ਜ਼ਿੰਦਗੀ
ਹੱਲ ਓ ਰਹੀ ਏ
ਬਸ ਨਾਮ ਦੀ ਜ਼ਿੰਦਗੀ
ਚੱਲ ਰਹੀ ਏ

ਆਪਣਾ ਹੀ ਆਪਣੇ ਨੂੰ
ਖਾ ਕੇ ਨਾ ਰੱਜੇ
ਕੀ ਰਹਿ ਗਿਆ
ਜਿਸ ਪਿੱਛੇ ਤੂੰ ਭੱਜੇ
ਛੱਡ ਮੁੜ ਏ ਆ ਸਭ
ਸਭ ਦੀ ਹੁਣ ਓ ਪਹਿਲਾਂ ਵਾਲੀ
ਗੱਲ ਨਾ ਰਹਿ ਏ

ਬਸ ਨਾਮ ਦੀ ਜ਼ਿਦੰਗੀ
ਚੱਲ ਰਹੀ ਏ
ਬਸ ਨਾਮ ਦੀ ਜ਼ਿਦੰਗੀ
ਚੱਲ ਰਹੀ ਏ

## ਪੱਥਰਾਂ ਦੀ ਦੁਨੀਆਂ

ਪੱਥਰਾਂ ਵਿੱਚੋਂ ਪੱਥਰ ਵੇਖੇ
ਅੰਤਾਂ ਦਾ ਨੂਰ ਸੀ ਪੱਥਰਾਂ ਚ
ਕੁੱਝ ਪੱਥਰ ਮੈਂ ਬਣੇ ਰੱਬ ਵੇਖੇ
ਕੁੱਝ ਇਨਸਾਨ ਹੋ ਕੇ ਵੀ ਨਾ
ਇਨਸਾਨ ਬਣ ਸਕੇ

ਕੁੱਝ ਪੱਥਰ ਹੋ ਕੇ ਵੀ
ਮੈਂ ਪਾਉਂਦੇ ਰੱਬ ਵੇਖੇ

ਰੱਬ ਨੂੰ ਪਾਉਣ ਦੀ ਭੀੜ ਚ
ਮੈਂ ਮੇਲਾ ਲੱਗਿਆ
ਵੇਖਿਆ ਚਾਰ ਚੁਫ਼ੇਰੇ
ਕੁੱਝ ਅੱਜ ਦੀ ਬਣੀ
ਇਸ ਦੁਨੀਆਂ ਚ
ਮੈਂ ਖੁਦ ਨੂੰ ਸਮਝੀ ਰੱਬ ਵੇਖੇ
ਪੱਥਰਾਂ ਦੀ ਬਣੀ ਇਸ ਦੁਨੀਆਂ ਚ

ਮੈਂ ਪੱਥਰਾਂ ਦੇ ਬਣੇ ਹੋਏ ਰੱਬ ਵੇਖੇ
ਪੱਥਰਾਂ ਦੇ ਬਣੇ ਹੋਏ ਰੱਬ ਵੇਖੇ

## ਉਮੀਦ

ਵੱਖੋ-ਵੱਖਰੀ ਬਨਾਵਟ ਏ
ਇੱਥੇ ਹਰ ਇੱਕ ਪੱਥਰ ਦੀ
ਇੱਕ ਵੇਖ ਤੂੰ ਸਭ ਦਾ
ਅੰਦਾਜ਼ਾ ਲਾਵੀ ਨਾ
ਹੱਸਦੇ ਚਿਹਰੇ ਪਿੱਛੇ ਲੁੱਕੇ ਹੁੰਦੇ ਨੇ
ਕਈ ਦਰਦ ਜ਼ਿੰਮੇਵਾਰੀਆਂ ਦੇ
ਕਿਸੇ ਨੂੰ ਹੱਸਦਾ ਵੇਖ
ਉਸ ਦੀ ਜ਼ਿੰਦਗੀ ਦਾ
ਫੈਂਸਲਾ ਕਰ ਜਾਵੀ ਨਾ

ਮਿਲਦੇ ਨੇ ਇੱਥੇ ਰੋਜ਼
ਤਾਰਿਆਂ ਜਿੰਨੇ ਹੀ
ਸਭ ਨੂੰ ਹਾਲ ਏ ਮਨ ਸੁਣਾਈ ਨਾ

ਵਿਰਲਾ ਹੀ ਹੁੰਦਾ
ਖੜਾ ਰਹਿੰਦਾ ਜਿਹੜਾ ਨਾਲ
ਆਖਰੀ ਸਾਹ ਤੱਕ
ਸਭ ਤੋਂ ਅਜਿਹੇ ਸਾਥ ਦੀ
ਉਮੀਦ ਜ਼ਿੰਦਗੀ ਚ ਲਾਵੀ ਨਾ
ਸਭ ਤੋਂ ਅਜਿਹੇ ਸਾਥ ਦੀ
ਉਮੀਦ ਜ਼ਿੰਦਗੀ ਚ ਲਾਵੀ ਨਾ

## ਫਕੀਰ ਦੇ ਪੈਰਾਂ ਦੀ ਧੂੜ

ਮੈਨੂੰ ਕੱਚਾ ਘਰ ਪਾ ਦੇ ਵੇ
ਮੇਰੀ ਪੱਕਿਆਂ ਦੇ ਨਾਲ ਬਣਦੀ ਨੀ
ਮੈਨੂੰ ਮੇਰੀ ਮੈਂ ਚੋਂ ਮੁੱਕਾ ਦੇ ਵੇ
ਮੇਰੀ ਆਪਣੇ ਨਾਲ ਗੱਲ
ਹੁਣ ਬਹੁਤੀ ਬਣਦੀ ਨੀ

ਮੇਰੇ ਕੱਚੇ ਘਰ ਦੇ ਅੰਦਰ
ਮਹਿਕ ਬੜੀ ਏ
ਉਸ ਪਾਕ ਮੁਹੱਬਤ ਦੀ
ਮੈਨੂੰ ਸਾਦਗੀ ਦਾ ਗਹਿਣਾ ਪਾ ਦੇ ਵੇ

ਮੇਰੀ ਝੂੱਠੀ ਦੁਨੀਆਂ ਦੇ ਨਾਲ ਬਣਦੀ ਨੀ

ਮੈਨੂੰ ਫਕੀਰੀ ਦਾ ਚੋਲਾ ਪਵਾ ਦੇ ਵੇ
ਮੈਨੂੰ ਉਸ ਖੁਦਾ ਅੱਗੇ
ਸੀਸ ਨਾ ਝੁਕੋਣਾ ਪਵੇ
ਇੱਕ ਪਾਕ ਇਨਸਾਨ
ਬਣਦਾ ਦੇ ਵੇ

ਮੈਨੂੰ ਕੱਚਾ ਘਰ ਪਾ ਦੇ ਵੇ
ਮੇਰੀ ਪੱਕਿਆਂ ਦੇ ਨਾਲ ਬਣਦੀ ਨੀ
ਮੇਰੀ ਪੱਕਿਆਂ ਦੇ ਨਾਲ ਬਣਦੀ ਨੀ

## ਤੇਰੇ ਨਾਂ

ਮੇਰਾ ਹੱਸਣਾ ਰੋਣਾ
ਤੇਰੇ ਨਾਂ
ਮੇਰਾ ਇੱਕਲਾ ਖਲੋਣਾ
ਮੇਰਾ ਮਿੱਟੀ ਚ
ਮਿੱਟੀ ਹੋਣਾ
ਮੇਰਾ ਆਪਣਾ ਆਪ
ਭਲਾਉਣਾ
ਬੀਤ ਗਿਆ ਦੀਆਂ
ਯਾਦਾਂ ਦੇ ਪਲਾਂ ਚ
ਰਾਤਾਂ ਨੂੰ ਨਾ ਸੋਣਾ
ਸਭ ਤੇਰੇ ਨਾਂ

ਸਭ ਤੇਰੇ ਨਾਂ

ਮੇਰੀ ਕਲਮ ਦਾ ਲਿਖਣਾ
ਮੇਰਾ ਹਰ ਦਿਨ ਸੱਖਣਾ
ਮੇਰੀ ਆਵਾਜ਼ ਦੇ ਵਿੱਚ
ਜੋ ਖਾਮੋਸ਼ੀ
ਮੇਰੀ ਰੂਹ ਦਾ ਜੋ ਖਾਲੀ ਪਨ
ਮੇਰੇ ਇੱਕਲੇ ਦਾ ਜੋ ਕੰਮ
ਮੇਰਾ ਸਾਰਾ ਗਮ
ਸਭ ਤੇਰੇ ਨਾਂ
ਸਭ ਤੇਰੇ ਨਾਂ

ਬਦਲੇ ਦੌਰ ਦੀਆਂ ਉਹ ਗੱਲਾਂ
ਪਾਣੀ ਚ ਜਿਉਂ ਛੱਲਾਂ
ਮੇਰੇ ਜਨਮ ਤੋਂ
ਮੇਰੇ ਮੌਤ ਤੱਕ
ਦੀਆਂ ਗੱਲਾਂ

ਸਭ ਤੇਰੇ ਨਾਂ
ਸਭ ਤੇਰੇ ਨਾਂ
ਏ ਖੁਦਾ ਸਭ ਤੇਰੇ ਨਾਂ

## ਬੇੜੀਆਂ

ਤੋੜ ਦੇ ਓ ਬੇੜੀਆਂ
ਜੋ ਸਮਾਜ ਨੇ ਤੇਰੇ ਪੈਰੀਂ ਪਾਇਆਂ ਨੇ

ਕਿਉਂ ਤੂੰ ਖੁਸ਼ੀ ਆਪਣੀ ਤੇ ਗੱਲ
ਲੋਕਾਂ ਦੀਆਂ ਰੀਝਾਂ ਪਾਇਆਂ ਨੇ
ਮੇਰੇ ਇੱਕ ਗਮ ਦੇ ਸੋਗ ਬਲਦੇ
ਤੂੰ ਉਮਰਾਂ ਦੀਆਂ ਪੀੜਾਂ ਹੰਢਾਈਆਂ ਨੇ

ਤੇਰੀ ਸਾਦਗੀ ਹੀ ਤੇਰਾ ਗਹਿਣਾ
ਨਾਲ ਉਮਰਾਂ ਲਈ ਕਿਸੇ ਨਹੀਂ
ਨਾਲ ਤੇਰੇ ਏ ਰਹਿਣਾ
ਜਿਸਮ ਦੀ ਭੁੱਖ ਮਿਟਾਉਣ ਲਈ
ਹਰ ਕਿਸੇ ਨੇ ਤੇਰੇ ਨਾਲ ਏ ਬਹਿਣਾ
ਵਿਰਲਾ ਹੀ ਹੋਊ
ਜਿਸ ਨੇ ਤੇਰੇ ਨਾਲ
ਇੱਕੋ ਛੱਤ ਦੇ ਹੇਠਾਂ ਰਹਿਣਾ
ਕਿਉਂ ਤੂੰ ਹਰ
ਕਿਸੇ ਲਈ ਆਪਣੇ ਮਨ
ਚ ਆਸਾਂ ਏ ਪਾਇਆਂ ਨੇ
ਤੋੜ ਸੁੱਟ ੳ ਬੇੜੀਆਂ
ਜੋ ਸਮਾਜ ਨੇ ਤੇਰੇ ਪੈਰੀਂ ਪਾਇਆਂ ਨੇ

ਭੁੱਲਾ ਦੇ ੳ ਜਾਤ ਧਰਮ
ਜਿਸ ਨੇ ਤੇਰਿਆਂ
ਖੁਸ਼ੀਆਂ ਹੀ ਮਿਟਾਈਆਂ ਨੇ
ਨਾਮ ਦੇ ਤੋੜ ਸੁੱਟ ੳ ਰਿਸ਼ਤੇ
ਜਿਹਨਾਂ ਤੈਨੂੰ ਬੇੜੀਆਂ ਹੀ ਪਾਇਆਂ ਨੇ
ਆਪਣੀ ਖੁਸ਼ੀ ਲਈ ਵੀ ਜੀ ਕਦੇ

ਕਿਉਂ ਤੂੰ ਆਪਣੀ ਜ਼ਿੰਦਗੀ ਦੇ ਬੂਟੇ
ਦੀਆ ਕਲੀਆਂ ਮੁਰਝਾਈਆਂ ਨੇ
ਤੋੜ ਦੇ ਓ ਬੇੜੀਆਂ ਜੋ ਸਮਾਜ ਨੇ
ਤੇਰੇ ਪੈਰੀਂ ਪਾਇਆਂ ਨੇ
ਸਮਾਜ ਨੇ ਤੇਰੇ ਪੈਰੀਂ ਪਾਇਆਂ ਨੇ

## ਸੁੱਖਾਂ ਦੇ ਵਾਸੀ

ਚੰਨ ਤੇ ਰਹਿਣ ਵਾਲਿਓ
ਕਦੇ ਜ਼ਮੀਨ ਤੇ ਵੀ
ਨਜ਼ਰ ਏ ਮਾਰੋ
ਆਪਣੀ ਅੱਖਾਂ ਤੇ
ਬੰਨ੍ਹੀ ਪੱਟੀ ਲਾਵੋ
ਝੂੱਠੇ ਲੋਕਾਂ ਦੀ ਨਾਂ
ਇਵੇਂ ਆਰਤੀ ਲਾਵੋ
ਕਦੇ ਭੁੱਖੇ ਨੂੰ ਖਵਾ ਰੋਟੀ
ਤੇ ਕਦੇ ਬੇ ਸਹਾਰੇ ਦਾ
ਬਣ ਸਹਾਰਾ
ਆਪਣੇ ਮਨ ਚ ਵੱਸਦੇ ਰੱਬ
ਨੂੰ ਵੀ ਕਦੇ ਸ਼ਾਨ ਨਾਲ ਏ
ਆਵਾਜ਼ ਏ ਮਾਰੋ
ਝੂਠੀ ਛੱਡ ਜ਼ਿੰਦਗੀ
ਕਦੇ ਸੱਚ ਦੇ ਵੱਲ ਵੀ
ਝਾਤ ਏ ਮਾਰੋ
ਚੰਨ ਤੇ ਰਹਿਣ ਵਾਲਿਓ

ਕਦੇ ਜ਼ਮੀਨ ਤੇ ਵੀ ਏ
ਪੈਰ ਏ ਪਾਵੋ
ਹੱਸਦੀ ਵੱਸਦੀ ਧਰਤੀ ਨੂੰ
ਫੇਰ ਤੋਂ ਹੱਸਣਾ ਸਿਖਾਵੋ
ਛੱਡ ਪੈਸੇ ਦੀ ਬਾਂਹ
ਆਪਣੀਆਂ ਦੀ ਬਾਂਹ ਫੜ ਜਾਵੋ
ਚੰਨ ਤੇ ਰਹਿਣ ਵਾਲਿਓ
ਕਦੇ ਜ਼ਮੀਨ ਤੇ ਵੀ
ਨਜ਼ਰ ਏ ਮਾਰੋ
ਨਜ਼ਰ ਏ ਮਾਰੋ

## ਟੁੱਟੀ ਰੂਹ

ਵੇਖਾ ਜਦ ਬੁੱਢੇ
ਬਾਪ ਨੂੰ ਕੰਮ ਕਰਦਿਆਂ
ਰੂਹ ਟੁੱਟਦੀ ਏ
ਪੜ੍ਹ ਲਿਖ ਫਿਰੇ ਜਵਾਨ
ਪੁੱਤ ਵਿਹਲਾ
ਰੂਹ ਟੁੱਟਦੀ ਏ

ਭਰੀ ਮਹਿਫ਼ਲ ਚ ਆਪਣੀਆਂ ਦੀ
ਸਭ ਕਰਨ ਗੈਰਾਂ ਵਾਲਾ ਵਿਵਹਾਰ
ਰੂਹ ਟੁੱਟਦੀ ਏ
ਘਰ ਵੇਖਾ ਜਦ ਨਸ਼ੇ ਪਿੱਛੇ ਟੁੱਟਦੇ
ਰੂਹ ਟੁੱਟਦੀ ਏ

ਦੂਰੀ ਨੇ ਨਾ ਕਦੇ ਖ਼ਤਮ ਕੀਤੇ ਰਿਸ਼ਤੇ
ਬਸ ਜਦ ਵੇਖਾ ਰਿਸ਼ਤਿਆਂ ਚ ਮਰੀ
ਮੁਹੱਬਤ ਰੂਹ ਟੁੱਟਦੀ ਏ
ਰੂਹ ਟੁੱਟਦੀ ਏ

## ਤਿੜਕਦੇ ਰਿਸ਼ਤੇ

ਰਿਸ਼ਤਾ ਟੁੱਟਦਾ ਨਹੀਂ
ਤੋੜਿਆ ਜਾਂਦਾ
ਕੋਈ ਭੁੱਲਦਾ ਨਹੀਂ ਕਿਸੇ ਨੂੰ
ਬਸ ਜਿੰਮੇਵਾਰੀਆਂ ਕਰਕੇ
ਕਈ ਵਾਰ ਆਪਣੇ ਕੋਲੋਂ ਵੀ
ਮੁੱਖ ਮੋੜਿਆ ਜਾਂਦਾ

ਲੱਖਾਂ ਨੇ ਵੱਸਦੇ ਲੋਕ ਇੱਥੇ
ਪਰ ਹਰ ਇੱਕ ਨਾਲ ਨਾ ਏ
ਮਨ ਜੋੜਿਆ ਜਾਂਦਾ ਏ
ਵੱਗਦੇ ਪਾਣੀ ਵਾਂਗ ਸਭ
ਤੁਰ ਜਾਂਦੇ ਨੇ ਭਾਵੇਂ ਕਿਸੇ ਨਾਲ
ਕਿੰਨਾ ਵੀ ਮਨ ਜੋੜਿਆ ਜਾਂਦਾ ਏ

ਭੁੱਲਦਾ ਨੀ ਕੋਈ ਵੀ ਕਿਸੇ ਨੂੰ
ਬਸ ਜਿੰਮੇਵਾਰੀਆਂ ਕਰਕੇ
ਮੁੱਖ ਮੋੜਿਆ ਜਾਂਦਾ ਏ
ਬਸ ਜਿੰਮੇਵਾਰੀਆਂ ਕਰਕੇ

ਕਈ ਵਾਰ ਆਪਣੇ ਆਪ ਕੋਲੋਂ ਵੀ
ਮੁੱਖ ਮੋੜਿਆ ਜਾਂਦਾ ਏ
ਮੁੱਖ ਮੋੜਿਆ ਜਾਂਦਾ ਏ

## ਅਧੂਰੀ ਰੀਝ

ਜੋੜ ਲਿਆ ਕਰ ਅੱਖਰ ਕਦੇ
ਇਨ੍ਹਾਂ ਤੇ ਇਤਬਾਰ ਕਰਕੇ
ਮੈਨੂੰ ਵੀ ਮਿਲਾ ਦੇ ਕੋਈ
ਇਕਰਾਰ ਕਰਕੇ
ਮੈਂ ਮੰਨਦਾ ਹਾਂ
ਹੁੰਦਾ ਨੀ ਕੋਈ ਇੱਥੇ ਆਪਣਾ
ਵੇਖ ਤਾਂ ਸਹੀ ਤੂੰ ਇਕ ਵਾਰ
ਵਿਸ਼ਵਾਸ ਕਰਕੇ
ਇਸ ਦੁਨੀਆਂ ਦੇ ਮੇਲੇ
ਚੋ ਕਿਸੇ ਕੁੱਝ ਨਾ ਖੱਟਿਆ
ਤੂੰ ਵੀ ਤੁਰ ਜਾਵੇਗਾ
ਜ਼ਿੰਦਗੀ ਦੇ ਦਿਨ ਪੂਰੇ
ਚਾਰ ਕਰਕੇ
ਤੂੰ ਵੀ ਤੁਰ ਜਾਵੇਗਾ
ਜ਼ਿੰਦਗੀ ਦੇ ਦਿਨ ਪੂਰੇ
ਚਾਰ ਕਰਕੇ

# ਨਾਮ ਦੇ ਰਿਸ਼ਤੇ

ਰੁਸੇ ਨੂੰ ਕਦੇ ਮਨਾਇਆ ਨਾ
ਵਿੱਛੜ ਕੇ ਚੱਲੇ ਨੂੰ ਕਦੇ
ਗਲ ਨਾਲ ਲਾਇਆ ਨਾ
ਕਿ ਕਰਨਾ ਮੈਂ ਇਸ ਹੱਸਦੀ
ਵੱਸਦੀ ਦੁਨੀਆਂ ਦਾ
ਜਿਸ ਨੇ ਕਿਸੇ ਭੁੱਖੇ ਨੂੰ ਕਦੇ
ਅੰਨ ਦਾ ਦਾਣਾ ਖਵਾਇਆ ਨਾ

ਰਹਿੰਦੇ ਨੇ ਦੂਰ ਸਦਾ ਜੋ
ਕਦੇ ਉਹਨਾਂ ਨੂੰ ਦੂਰੀ ਨੇ
ਵੱਡ ਖਾਇਆ ਨਾ
ਭੁੱਲ ਗਏ ਸਭ
ਪੁਰਾਣੀਆਂ ਸਾਂਝਾਂ
ਹੁਣ ਕਦੇ ਵੀ ਕਿਸੇ ਨੇ
ਪੈਸੇ ਤੋਂ ਵੱਧ ਕਿਸੇ
ਨੂੰ ਚਾਹਿਆ ਨਾ

ਰਹਿ ਗਈਆਂ ਗੱਲਾਂ ਘੱਟ
ਤੇ ਵੱਧ ਗਏ ਮੰਨਾ ਚ ਫੱਟ ਨੇ
ਕਿ ਫਾਇਦਾ ਅਜਿਹੀਆਂ
ਮੁਲਾਕਾਤਾਂ ਦਾ
ਜਿਸ ਨੇ ਕਦੇ ਮਨ ਦਾ ਫੱਟ

ਮਿਟਾਇਆ ਨਾ

ਕਿ ਕਰਨਾ ਅਜਿਹੇ ਆਪਣੀਆਂ ਦਾ
ਜਿਨ੍ਹਾਂ ਕਦੇ ਆਪਣਾ ਹੋਣ
ਦਾ ਅਹਿਸਾਸ ਕਰਵਾਇਆ ਨਾ
ਜਿਨ੍ਹਾਂ ਕਦੇ ਆਪਣਾ ਹੋਣ
ਦਾ ਅਹਿਸਾਸ ਕਰਵਾਇਆ ਨਾ

## ਮੁਸਾਫ਼ਰ ਖਾਨਾ

ਮੁਸਾਫ਼ਰ ਖਾਨਾ ਬਣ ਕੇ
ਰਹਿ ਗਿਆ ਜ਼ਿੰਦਗੀ ਦਾ
ਕੋਈ ਆਉਂਦਾ ਏ
ਕੋਈ ਜਾਂਦਾ ਏ

ਰਹਿੰਦੀ ਏ ਮੇਰੇ ਕੋਲ
ਮਹਿਫਲ ਬੜੀ
ਕੋਈ ਆਪਣਾ ਬਣਨ ਨਾ
ਆਉਂਦਾ ਏ
ਗੱਲਾਂ ਬਹੁਤ ਨੇ ਕਰਦੇ ੳ
ਮੇਰੇ ਆਪਣੇ-ਆਪਣੇ
ਹੋਵਣ ਦੀਆਂ ਨਾ
ਕੋਈ ਆਪਣਾ ਪਨ
ਵਿਖਾਉਂਦਾ ਏ

ਮੁਸਾਫ਼ਰ ਖਾਨਾ ਬਣ

ਕੇ ਰਹਿ ਗਿਆ

ਜ਼ਿੰਦਗੀ ਦਾ

ਕੋਈ ਆਉਂਦਾ ਏ

ਕੋਈ ਜਾਂਦਾ ਏ

## ਰਿਸ਼ਤੇ

ਰਿਸ਼ਤੇ ਓ ਪਹਿਲਾਂ ਵਾਲੇ

ਨਾ ਰਹਿ ਗਏ

ਵਾਂਗ ਕੱਚੇ ਘੜੇ ਦੇ

ਝਨਾਂ ਚ ਵਹਿ ਗਏ

ਮਤਲਬ ਦੇ ਕੰਡਿਆਂ ਨੇ

ਜੜ੍ਹ ਏ ਲਾਈ

ਰਿਸ਼ਤੇ ਦੀ ਕਾਗਜ਼ੀ ਬੇੜੀ

ਅਸਾਂ ਮਤਲਬ ਦੀ

ਸੁਨਾਮੀ ਚ ਵਹਾਈ

ਮੁਖ ਤੇ ਓ ਪਹਿਲਾਂ ਵਾਲੇ

ਨੂਰ ਨਾ ਰਹਿ ਗਏ

ਉੱਡੇ ਪੰਛੀ ਹੁਣ ਕਦੇ ਨਾ

ਜ਼ਿਦੰਗੀ ਦੇ ਰੁੱਖਾਂ ਤੇ ਬਹਿ ਗਏ

ਰਿਸ਼ਤੇ ਓ ਪਹਿਲਾਂ ਵਾਲੇ

ਨਾ ਰਹਿ ਗਏ

ਰਿਸ਼ਤੇ ਓ ਪਹਿਲਾਂ ਵਾਲੇ

ਨਾ ਰਹਿ ਗਏ

## ਦਾਗ਼

ਕੁੱਝ ਦਾਗ਼ ਧੋਤਿਆਂ ਲਹਿ ਜਾਂਦੇ
ਕੁੱਝ ਜ਼ਿਦੰਗੀ ਭਰ ਨਾਲ ਰਹਿੰਦੇ ਨੇ
ਕੁੱਝ ਫੱਟ ਜ਼ਿਦੰਗੀ ਚ ਸੀਤੇ ਜਾਂਦੇ
ਕੁੱਝ ਸੀਤੇ ਜਾਣ ਬਾਅਦ
ਵੀ ਸਿਮਦੇ ਰਹਿੰਦੇ ਨੇ

ਕੁੱਝ ਛਿੱਟੇ ਸਾਡੇ ਅਤੀਤ ਦੇ
ਸਾਡੇ ਨਾਲ ਹਮੇਸ਼ਾ ਰਹਿੰਦੇ ਨੇ
ਮਿਲਦੇ ਨੇ ਇੱਥੇ ਬਥੇਰੇ ਹੀ
ਕੁੱਝ ਖਾਸ ਨੇ ਜੋ ਮਨ ਚ
ਬਣਾ ਘਰ ਬਹਿੰਦੇ ਨੇ

ਰੁਕੱਦਾ ਨਹੀਂ ਇੱਥੇ ਕੋਈ ਵੀ
ਸਭ ਵੱਗਦੇ ਪਾਣੀ ਦੇ
ਨਾਲ ਵਹਿੰਦੇ ਨੇ
ਬਸ ਡਰ ਜਿਹਾ ਰਹਿੰਦਾ ਏ
ਹੁਣ ਰਿਸ਼ਤਿਆਂ ਤੋਂ
ਨਾ ਹੁਣ ਮਨ ਹੋਰ ਏ
ਦਰਦ ਸਹਿੰਦੇ ਨੇ

ਕੁੱਝ ਦਾਗ਼ ਧੋਤਿਆਂ ਲਹਿ ਜਾਂਦੇ
ਕੁੱਝ ਜ਼ਿਦੰਗੀ ਭਰ ਨਾਲ ਰਹਿੰਦੇ ਨੇ
ਕੁੱਝ ਜ਼ਿਦੰਗੀ ਭਰ ਨਾਲ ਰਹਿੰਦੇ ਨੇ

## ਨਵੇਂ ਰਾਹ

ਲੰਮੇ ਪੈਂਡੇ
ਲੰਮੀ ਜ਼ਿੰਦਗੀ
ਲੰਮੀਆਂ ਨੇ ਇਹ ਰਾਵਾਂ
ਜਿੱਥੇ ਬਹਿੰਦੇ ਸੀ ਪੰਛੀ ਕਦੇ
ਹੁਣ ਸੱਖਣੀਆਂ ਹੋ ਗਿਆ ਥਾਵਾਂ

ਖਾ ਗਈ ਤਰੱਕੀ ਸਾਡੀ
ਉਨ੍ਹਾਂ ਦੀਆਂ ਪੈੜਾਂ ਜਗਾਵਾਂ
ਖਾਲੀ ਰਹਿ ਗਈ ਜ਼ਿੰਦਗੀ ਸਾਰੀ
ਜਦ ਦੀਆਂ ਦੂਰ ਹੋਇਆ ਨੇ

ਬੋਝ ਲੱਗਣ ਲੱਗੀਆਂ ਨੇ ਮਾਵਾਂ
ਬੋਝ ਲੱਗਣ ਲੱਗੀਆਂ ਨੇ ਮਾਵਾਂ

## ਅਮਰ ਪਰਿੰਦੇ

ਕਈ ਖੜ ਜਾਂਦੇ
ਕਈ ਅੜ ਜਾਂਦੇ
ਜਿਨ੍ਹਾਂ ਨੂੰ ਮਾਣ ਹੋਵੇ
ਆਪਣੇ ਪਰਾ ਤੇ
ਓ ਵਿੱਚ ਤੂਫ਼ਾਨਾਂ ਵੀ
ਉੱਚੀਆਂ ਉਡਾਰੀਆਂ ਭਰ ਜਾਂਦੇ

ਕਰ ਸੈਰਾਂ ਓ ਅੰਬਰਾਂ ਦੀਆਂ
ਅੰਤ ਨੂੰ ਆ ਫੜ

ਧਰਤੀ ਦੀ ਨੇ ਬਾਂਹ ਜਾਂਦੇ
ਜਿਹੜੇ ਭੁੱਲਦੇ ਨਹੀਂ
ਅਤੀਤ ਆਪਣਾ

ਮਰ ਕੇ ਵੀ ਨਾ
ਕਦੇ ਨੇ ਓ ਕਵਰਾਂ
ਦੇ ਨੇ ਰਾਹ ਜਾਂਦੇ
ਮਰ ਕੇ ਵੀ ਨਾ
ਕਦੇ ਨੇ ਓ ਕਵਰਾਂ
ਦੇ ਰਾਹ ਨੇ ਜਾਂਦੇ

## ਕਬਰਾਂ ਦੇ ਫੁੱਲ

ਮਰ ਗਿਆ ਦੀਆਂ **ਕਬਰਾਂ** ਤੇ
ਬੈਠਣ ਨਾਲੋਂ ਕੀਤੇ ਚੰਗਾ
ਉਨ੍ਹਾਂ ਦੇ ਨਾਲ ਦੋ ਪੱਲ ਬੈਠਿਆ ਜਾਵੇ
ਖੁਸ਼ੀ ਦੇ ਵਿਚ ਨਾ ਸਹੀ
ਗਮੀ ਦੇ ਵਿੱਚ ਤਾਂ ਕੋਈ
ਸਭ ਤੋਂ ਪਹਿਲਾਂ ਨੇੜੇ ਆਵੇ
ਜ਼ਿੰਦਗੀ ਤੋਂ ਹਾਰ ਚੁੱਕਿਆ ਨੂੰ
ਫੇਰ ਤੋਂ ਕੋਈ ਤਾਂ
ਜ਼ਿੰਦਗੀ ਦੇ ਗਲ ਨਾਲ ਲਾਵੇ
ਰੁੱਕਿਆ ਹੋਇਆ ਨੂੰ
ਫੇਰ ਤੋਂ ਕੋਈ ਤੁਰਨਾ ਸਿਖਾਵੇ

**ਕਬਰਾਂ** ਤੇ ਜਾਣ ਨਾਲੋ ਕਿਤੇ ਚੰਗਾ
ਕੋਈ ਸਾਡੇ ਕੋਲ ਆ ਬੈਠ ਏ ਜਾਵੇ
ਆਪਣੇ ਦਿਖਣ ਨਾਲੋ ਕਿਤੇ ਚੰਗਾ ਏ
ਆਪਣਾ ਬਣਿਆ ਜਾਵੇ
ਆਪਣੇ ਦਿਖਣ ਨਾਲੋ ਕਿਤੇ ਚੰਗਾ ਏ
ਆਪਣਾ ਬਣਿਆ ਜਾਵੇ

## ਇੱਕ ਸ਼ਾਮ

ਗੁਜ਼ਾਰ ਦਿੱਤੀ ਮੈਂ ਜਿੰਦਗੀ ਸਾਰੀ
ਇੱਕ ਸ਼ਾਮ ਦੇ ਇੰਤਜ਼ਾਰ ਚ
ਕਦ ਆਵੇਗਾ
ਆਣ ਬੁਲਾਵੇਗਾ
ਇਸ ਹਸੀਨ ਪਲ ਦੇ
ਖਾਬ ਚ

ਬੀਤ ਚੱਲੀ ਏ
ਉੱਮਰ ਏ ਸਾਰੀ
ਕਦੇ ਮੈਲੀ ਨਾ ਹੋਣ ਦਿੱਤੀ ਏ
ਜੋ ਮਨ ਚ ਏ ਤੇਰੀ ਸੂਰਤ ਉਸਾਰੀ
ਭਾਵੇਂ ਢੱਲ ਚੱਲੀ ਏ
ਜ਼ਿੰਦਗੀ ਚੱਲੀ ਏ
ਹੁਣ ਵਿਰਾਮ ਚ

ਗੁਜ਼ਾਰ ਦਿੱਤੀ ਮੈਂ ਜਿੰਦਗੀ ਸਾਰੀ
ਇੱਕ ਸ਼ਾਮ ਦੇ ਇੰਤਜ਼ਾਰ ਚ
ਇੱਕ ਸ਼ਾਮ ਦੇ ਇੰਤਜ਼ਾਰ ਚ

## ਸ਼ਿਕਵਾ

ਮੁੱਦਤਾਂ ਬਾਅਦ ਮਿਲੇ ਨੇ ਓ
ਇੱਕ ਸ਼ਿਕਵਾ ਤੇ ਬਣਦਾ ਹੀ ਏ
ਸੱਚਾ ਨਾ ਸਹੀ
ਝੂਠਾ ਹੀ ਇੱਕ ਤੇ ਬਣਦਾ ਹੀ ਏ

ਮੰਨਦਾ ਹਾਂ ਮਿਲਦੇ ਨੀ
ਲੋਕ ਇੱਥੇ ਇੱਕ ਵਾਰ
ਵਿਛੜਨ ਤੇ
ਇੰਤਜ਼ਾਰ ਕਰਨਾ ਤਾਂ
ਕੰਮ ਮੇਰੇ ਮਨ ਦਾ ਹੀ ਏ

ਜਿੱਥੇ ਮਨ ਦੀ ਤਾਰਾਂ ਜੁੜ
ਜਾਂਦੀਆਂ ਨੇ
ਓਥੇ ਦਸ ਭਲਾ ਕਿ ਕੰਮ ਏ
ਧਨ ਦਾ ਏ
ਤੇਰੇ ਨਾਲ ਇੱਕ ਸ਼ਿਕਵਾ ਤੇ
ਬਣਦਾ ਹੀ ਏ
ਇੱਕ ਸ਼ਿਕਵਾ ਤੇ ਬਣਦਾ ਹੀ ਏ

## ਮੁੱਕੇ ਲਫਜ਼

ਮੁੱਕ ਗਏ ਲਫਜ਼
ਹਾਲ ਮੈਂ ਕਿਵੇਂ ਯਾਰ ਨੂੰ ਸੁਣਾਵਾਂ
ਰਹਿੰਦੀ ਭੀੜ ਏ ਕੋਲ ਉਸ ਦੇ
ਮੈਂ ਕਿਵੇਂ ਨੇੜੇ ਜਾਵਾ
ਮੁੱਕ ਗਏ ਲਫਜ਼
ਮੈਂ ਕਿਵੇਂ ਹਾਲ ਏ ਸੁਣਾਵਾਂ

ਮੁੱਕ ਗਈ ਸ਼ਰਮ
ਮੈਂ ਕਿਵੇਂ ਸਭ ਨੂੰ
ਅਹਿਸਾਸ ਕਰਵਾਵਾਂ
ਮੈਂ ਗਿਆ ਰੁੱਕ
ਕਿਵੇਂ ਦਸ ਹੁਣ ਤੁਰ ਜਾਵਾ
ਮੁੱਕ ਗਿਆ ਸੰਤੋਖ
ਮੈਂ ਕਿਸ ਨੂੰ ਆਪਣਾ ਬਣਾਵਾਂ

ਮਿਟ ਗਈਆਂ ਪੈੜਾਂ
ਮੈਂ ਕਿੰਝ ਵਾਪਸ ਜਾਵਾਂ
ਦਸ ਮੈਂ ਕਿੰਝ ਹਾਲ ਏ ਸੁਣਾਵਾਂ
ਮੁੱਕ ਗਏ ਲਫਜ਼
ਮੈਂ ਕਿੰਝ ਹਾਲ ਏ ਸੁਣਾਵਾਂ

## ਇੱਕ ਰੋਗ

ਬੜੇ ਕਮਾਲ ਦਾ ਏ ਓ ਸ਼ਖ਼ਸ

ਜਿਸ ਨੇ ਵੇਸਵਾ ਨਾਲ ਮੁਹੱਬਤ ਕੀਤੀ ਏ
ਜਿਸਮ ਵੇਚਣ ਵਾਲੀ ਨੂੰ
ਓਸ ਨੇ ਲਫਜ਼ਾਂ ਦੀ ਦੌਲਤ ਦਿੱਤੀ ਏ

ਮਨ ਦੇ ਅੰਦਰਲੇ ਗਮ ਨੂੰ
ਫਰੋਲਿਆ ਕਿਸੇ ਵਿਰਲੇ ਨੇ
ਉਂਝ ਰੂਹ ਉਸ ਦੀ ਹਰੇਕ ਨੇ
ਲੀਰੋ-ਲੀਰ ਕੀਤੀ ਏ

ਬੜੇ ਕਮਾਲ ਦਾ ਏ ਓ ਸ਼ਖ਼ਸ
ਜਿਸ ਨੇ ਵੇਸਵਾ ਨਾਲ ਮੁਹੱਬਤ ਕੀਤੀ ਏ
ਜਿਸ ਨੂੰ ਦੁਨੀਆਂ ਨੇ ਨਕਾਰਿਆ
ਇਕ ਰੋਗ ਜਾਣ ਸਭ ਨੇ ਹੀ
ਉਸ ਤੋਂ ਦੂਰੀ ਚਾਰਾ ਮਾਰਿਆ
ਵੇਖੋ ਕਿਸੇ ਨੇ ਉਸ ਦੇ ਨਾਂ
ਵੀ ਆਪਣੀ ਸਾਰੀ ਜ਼ਿੰਦਗੀ ਕੀਤੀ ਏ

ਬੜੇ ਕਮਾਲ ਦਾ ਏ ਓ
ਸ਼ਖ਼ਸ ਜਿਸ ਨੇ ਵੇਸਵਾ
ਨਾਲ ਮੁਹੱਬਤ ਕੀਤੀ ਏ
ਬੜੇ ਕਮਾਲ ਦਾ ਏ ਓ
ਸ਼ਖ਼ਸ ਜਿਸ ਨੇ ਵੇਸਵਾ
ਨਾਲ ਮੁੱਹਬਤ ਕੀਤੀ ਏ

## ਰਾਖ

ਸਵਾ ਹੀ ਬੱਚੀ ਏ
ਤੇਰੇ ਤੇ ਮੇਰੇ ਰਿਸ਼ਤੇ ਦੀ
ਸਭ ਪਿਆਰ ਮੁਹੱਬਤ ਮੁੱਕ ਗਿਆ
ਰੁੱਖ ਏ ਪਾਕ ਮੁਹੱਬਤ ਦਾ
ਬਿਨ ਪਾਣੀਓਂ ਹੀ ਸੁੱਕ ਗਿਆ
ਇਕੱਲਾ ਤਾਂ ਕੋਈ ਖ਼ੁਸ਼
ਕਿਸ ਤਰ੍ਹਾਂ ਰਹਿ ਸਕਦਾ
ਜਦ ਉਸ ਦਾ ਆਪਾ ਹੀ ਮੁੱਕ ਗਿਆ
ਇੱਕ ਰਿਸ਼ਤਾ ਸੀ
ਤੇਰੇ ਮੇਰੇ ਵਿੱਚ
ਸੱਚ ਦੱਸਾਂ ਤਾਂ ਅੱਜ ਤੇਰੀ
ਲਾਪਰਵਾਹੀ ਕਰਕੇ
ਟੁੱਟ ਗਿਆ

ਬੱਚੀ ਮੈਂ ਝੋਲੀ ਦੇ ਵਿੱਚ ਪਾ ਲਈ
ਤੇਰੇ ਮੇਰੇ ਰਿਸ਼ਤੇ ਦੀ ਸਵਾ ਹੀ
ਹੁਣ ਅਸੀਂ ਗਲ ਲਾ ਲਈ
ਤੇਰੇ ਮੇਰੇ ਰਿਸ਼ਤੇ ਦੀ ਸਵਾ ਹੀ
ਅਸੀਂ ਗੱਲ ਲਾ ਲਈ
ਤੇਰੇ ਪੈਰਾਂ ਦੀ ਮਿੱਟੀ ਅਸੀਂ
ਆਪਣੀ ਧੜਕਣ ਚ ਵਸ ਲਈ
ਤੈਨੂੰ ਗਲਤ ਸਾਬਿਤ ਨੀ ਕਰਨਾ
ਇਹੋ ਗੱਲ ਮੈਂ ਆਪਣੇ ਪੱਲੇ ਪਾ ਲਈ

ਤੈਨੂੰ ਗਲਤ ਸਾਬਿਤ ਨੀ ਕਰਨਾ
ਇਹੋ ਗੱਲ ਮੈਂ ਆਪਣੇ ਪੱਲੇ ਪਾ ਲਈ

## ਇੰਤਜ਼ਾਰ

ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਏ
ਤੇਰਾ ਸੁਪਨੇ ਦੇ ਵਿੱਚ ਆਉਣਾ
ਮੇਰਾ ਰਾਤ ਭਰ-ਭਰ ਨਾ ਸੌਣਾ
ਚੱਲਦੀ ਹਵਾ ਦੇ ਸ਼ੋਰ ਚ
ਛਿਪੀ ਖਾਮੋਸ਼ੀ ਨੂੰ ਟੋਹਣਾ
ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਏ

ਮੇਰਾ ਆਪਣਾ ਆਪ ਖੋਣਾ
ਰਾਤ ਦੀ ਚੁੱਪ ਚ
ਬੈਠ ਇਕੱਲੇ ਦਾ
ਖੁਦ ਨਾਲ ਬਾਤਾਂ ਪਾਉਂਣਾ
ਆਪਣੀ ਮੈਂ ਨੂੰ ਮਾਰਨ ਦੇ ਲਈ
ਆਪਣੇ ਆਪ ਨੂੰ ਕੱਖਾ
ਤੋਂ ਵੀ ਹੌਲਾ ਬਣਾਉਣਾ
ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਏ

ਮੇਰੇ ਕੌੜਾ ਬੋਲਣ ਤੇ
ਵੀ ਉਸ ਦਾ
ਮੁਸਕਰਾਉਣਾ ਮੇਰੀ ਅੱਖ

ਦੀ ਘੂਰ ਨੂੰ ਵੀ
ਤੇਰਾ ਨਾ ਜਰ ਹੋਣਾ
ਮੇਰੀ ਚੁੱਪ ਨੂੰ ਤੋੜਨ ਦੇ ਲਈ
ਤੇਰੀ ਅੱਖ ਦਾ ਨੀਰ ਵਹਾਉਣਾ
ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਏ
ਬੜੇ ਲੰਮੇ ਸਮੇਂ ਤੋਂ ਚੱਲ ਰਿਹਾ ਏ

## ਘਰ ਵਾਪਸੀ

ਭੱਟਕ ਗਿਆ ਸੀ ਥੋੜੇ ਸਮੇਂ ਲਈ
ਅੱਜ ਓ ਮੁੜ ਆਇਆ ਏ
ਮੈਂ ਮੰਨਦਾ ਬਹੁਤ ਗਲਤ ਸੀ ਓ
ਪਰ ਤੇਰੇ ਅੱਖਰਾਂ ਨੇ ਅੱਜ ਉਸ ਨੂੰ
ਚਾਨਣ ਵਿਖਾਇਆ ਏ
ਇੱਕ ਸ਼ਖ਼ਸ ਲੰਮੇ ਅਰਸੇ ਬਾਅਦ
ਘਰ ਆਇਆ ਏ

ਸਾਰੇ ਘਰ ਨੂੰ ਉਸ ਨੇ
ਖ਼ੁਸ਼ੀਆਂ ਦੇ ਨਾਲ ਮਹਿਕਾਇਆ ਏ
ਇੱਕ ਸ਼ਖ਼ਸ ਗਿਆ ਸੀ
ਰੁੱਸ ਕੇ ਆਪਣਿਆ ਨਾਲ

ਅੱਜ ਓ ਘਰ ਮੁੜ ਆਇਆ ਏ

ਸਮੇਂ ਨੇ ਸਭ ਸ਼ਿਕਵੇ ਮਿਟਾ ਤੇ
ਵਿੱਛੜੇ ਸਦੀਆਂ ਦੇ ਉਸ ਨੇ
ਇੱਕ ਪਲ ਚ ਮਿਲਾ ਤੇ
ਅੱਜ ਵੇਖ ਉਸ ਨੇ ਕਿੰਨਾ ਕੁਝ
ਹੀ ਪਾਇਆ ਏ
ਮਿੱਟੀ ਤੋ ਉਸ ਨੇ
ਮਿੱਟੀ ਬਣਾ ਦਿੱਤੀ
ਆਪਣੀ ਗਲਤੀ ਦੀ ਉਸ ਨੇ
ਜੋੜ ਹੱਥ ਇੱਕ ਪੱਥਰ ਤੋ ਮਾਫ਼ੀ
ਮੰਗਵਾ ਤੀ

ਓ ਅੱਜ ਤੇਰੇ ਨੂਰ ਸਮਝ ਪਾਇਆ ਏ
ਇੱਕ ਸ਼ਖ਼ਸ ਲੰਮੇ ਅਰਸੇ ਬਾਅਦ
ਘਰ ਆਇਆ ਏ
ਇੱਕ ਸ਼ਖ਼ਸ ਲੰਮੇ ਅਰਸੇ ਬਾਅਦ
ਘਰ ਆਇਆ ਏ

## ਗੁਨਾਹ

ਮੰਗਣ ਤੋਂ ਕਿਉਂ ਡਰਦਾ ਬੰਦਿਆ
ਮੰਗਣਾ ਕੋਈ ਗੁਨਾਹ ਥੋੜੀ ਏ

ਮੰਗਣ ਹੀ ਜੇ ਤੈਨੂੰ ਚੰਗਾ ਲੱਗੇ
ਮੰਗ ਉਸ ਦੇ ਦਰ ਤੋਂ
ਜਿੱਥੋਂ ਤੈਨੂੰ ਨਾ ਥੋੜੀ ਏ

ਕਿਉਂ ਮੇਰੀ-ਮੇਰੀ ਕਰਦਾ ਫਿਰਦਾ
ਧਰਤੀ ਉੱਤੇ ਤੇਰੀ
ਢਾਈ ਹੱਥ ਤੋਂ ਵੱਧ ਥਾਂ ਥੋੜੀ ਏ
ਫਿਰਦਾ ਰਹਿੰਦਾ ਤੂੰ ਘਰ-ਘਰ ਕਿਉਂ ਏ
ਜਾ ਉਸ ਘਰ ਜਿੱਥੇ ਤੈਨੂੰ ਨਾਹ ਥੋੜੀ ਏ

ਮੰਗਣ ਤੋਂ ਕਿਉਂ ਡਰਦਾ ਬੰਦਿਆ
ਮੰਗਣਾ ਕੋਈ ਗੁਨਾਹ ਥੋੜੀ ਏ
ਮੰਗਣ ਤੋਂ ਕਿਉਂ ਡਰਦਾ ਬੰਦਿਆ
ਮੰਗਣਾ ਕੋਈ ਗੁਨਾਹ ਥੋੜੀ ਏ

## ਖੁਦਾ

ਤੇਰੇ ਦਰ ਤੇ ਜੋ ਵੀ ਆਉਂਦਾ ਏ
ਮੈਂ ਸੁਣਿਆ ਉਸ ਦੀਆਂ ਸੁਣਦਾ ਏ ਤੂੰ
ਬੱਲਦੀ ਅੱਗ ਚੋ ਨਰਕਾਂ ਦੀ
ਹੱਥ ਫੜ ਸਭ ਨੂੰ ਬਚਾਉਂਦਾ ਏ ਤੂੰ

ਜਾਣਦਾ ਤਾਂ ਮੈਂ ਤੈਨੂੰ ਸਦੀਆਂ ਤੋਂ ਹਾਂ

ਪਰ ਫਿਰ ਵੀ ਕਿਉਂ
ਹਨ੍ਹੇਰਾ ਮੈਨੂੰ ਵਿਖਾਉਂਦਾ ਏ ਤੂੰ
ਮੈਂ ਮੰਨਦਾ ਪਰਖਣਾ ਜਰੂਰੀ ਏ
ਪਰ ਰੋਜ਼ ਹੀ ਇਸ ਪਰਖਣ ਦੇ
ਗੇੜ ਚੋ ਕਿਉਂ ਲਗਾਉਂਦਾ ਏ ਤੂੰ

ਮੈਂ ਵੇਖਿਆ ਤੇਰੇ ਸ਼ਬਦ
ਅਨਮੋਲ ਬੜੇ ਨੇ
ਸ਼ਬਦਾਂ ਨਾਲ ਪੂਰਾ
ਬ੍ਰਹਿਮੰਡ ਬਣਾਉਂਦਾ ਏ ਤੂੰ
ਕਈ ਕਹਿੰਦੇ ਤੇਰਾ ਰੂਪ ਨਹੀਂ ਏ
ਕੁਦਰਤ ਦੇ ਹਰ ਕਣ ਚੋਂ
ਰੋਜ਼ ਹੀ ਆਪਣਾ
ਰੂਪ ਦਿਖਾਉਂਦਾ ਏ ਤੂੰ
ਬੜੇ ਬੇ-ਸਮਝ ਨੇ ਉਹ ਲੋਕ
ਜੋ ਤੇਰੇ ਤੋਂ ਨਫ਼ਰਤ ਕਰਦੇ ਨੇ

ਮੁਹੱਬਤ ਦਾ ਸੱਚਾ ਪੈਗਾਮ
ਤਾਂ ਧਰਤੀ ਤੇ ਲਿਆਉਂਦਾ ਏ ਤੂੰ
ਮੁਹੱਬਤ ਦਾ ਸੱਚਾ ਪੈਗ਼ਾਮ ਏ ਖੁਦਾ
ਧਰਤੀ ਤੇ ਲਿਆਉਂਦਾ ਏ ਤੂੰ

## ਔਰਤ

ਔਰਤ ਬਿਨ੍ਹਾਂ ਘਰ
ਘਰ ਨਹੀਂ
ਕਬਰਿਸਤਾਨ ਜਿਹਾ ਲੱਗਦਾ ਏ
ਵੱਸਦਾ ਸਾਰਾ ਜਹਾਨ ਵੀ
ਵੀਰਾਨ ਜਿਹਾ ਹੀ ਲੱਗਦਾ ਏ

ਮੰਨਦਾ ਹੁੰਦੇ ਨੇ
ਬਹੁਤ ਰਿਸ਼ਤੇ ਪਰ ਤੇਰੇ ਜਿਨ੍ਹਾਂ
ਨਾ ਕੋਈ
ਮਹਾਨ ਜਿਹਾ ਲੱਗਦਾ ਏ
ਭਰੀ ਮਹਿਫ਼ਲ ਚ ਆਪਣਿਆਂ ਦੀ
ਸਭ ਕੁਰਬਾਨ ਜਿਹਾ ਹੀ ਲੱਗਦਾ ਏ

ਧੀ ਦੀ ਅਵਾਜ ਪਹੁੰਚਾਵੇ ਸਕੂਨ ਰੂਹ ਨੂੰ
ਤੇ ਤੇਰਾ ਹਰ ਰੂਪ ਚ ਮਿਲਣਾ ਹੀ
ਆਪਣੇ ਆਪ ਚ ਇੱਕ
ਵਰਦਾਨ ਜਿਹਾ ਹੀ ਲੱਗਦਾ ਏ

ਔਰਤ ਬਿਨ੍ਹਾਂ ਘਰ-ਘਰ ਨਹੀਂ
ਕਬਰਿਸਤਾਨ ਜਿਹਾ ਲੱਗਦਾ ਏ
ਕਬਰਿਸਤਾਨ ਜਿਹਾ ਲੱਗਦਾ ਏ

# ਮਿੱਟੀ ਦੀ ਮਹਿਕ

ਧੂੜਾਂ ਅੱਜ ਵੀ ਉੱਡ ਦੀਆਂ ਨੇ
ਉਡੀਕ ਦੀਆਂ ਨੇ ਆਪਣਿਆਂ
ਨੂੰ ਗਲ ਲਾਉਣ ਲਈ
ਕੂੰਜਾਂ ਅੱਜ ਵੀ ਪਰਤਦਿਆਂ ਨੇ
ਬਸ ਲੋੜ ਏ ਸਹੀ ਰਾਹ ਵਿਖਾਉਣ ਦੀ
ਵਿੱਛੜੇ ਅੱਜ ਵੀ ਮਿਲਦੇ ਨੇ
ਬਸ ਲੋੜ ਏ ਖ਼ੂਨ ਨੂੰ ਆਪਣੇ
ਰੰਗ ਚ ਆਉਣ ਦੀ

ਮਿਲਦੇ-ਮਿਲਦੇ ਸਾਰੀ ਉੱਮਰ ਹੀ
ਅਧੂਰੇ ਰਹੇ ਜੋ
ਓਹ ਵੀ ਤਾਂ ਰੱਬ ਦੇ ਬੰਦੇ ਆਏ ਸੀ
ਧਰਤੀ ਤੇ ਜਿਉਣ ਲਈ
ਪਹਾੜਾਂ ਦੀਆਂ ਵਾਦੀਆਂ ਚ
ਜੋ ਸਕੂਨ ਮੈਂ ਪਾਇਆ
ਉਹ ਵੀ ਤਾਂ ਕਿਸੇ ਲਈ ਸ਼ੋਰ ਸੀ

ਪੈਸੇ ਦੀ ਦੌੜ ਚ
ਜੋ ਮੈਂ ਗਵਾਇਆ
ਓਹ ਮੇਰੇ ਲਈ ਤੂੰ ਸੀ ਕੁੱਝ ਹੋਰ ਨਹੀਂ
ਓਹ ਮੇਰੇ ਲਈ ਮਿੱਟੀ ਦੀ ਮਹਿਕ ਸੀ
ਕੁੱਝ ਹੋਰ ਨਹੀਂ

# ਸਿਫ਼ਤ

ਸਿਫ਼ਤ ਹਰੇਕ ਕਰਵਾਉਣੀ ਚਾਹੇ
ਕਰਨੀ ਔਖੀ ਏ
ਤਨ ਦਾ ਰੋਜ਼ ਸਾਫ਼ ਕਰ ਲੈਦੇ ਆ
ਮਨ ਦੀ ਮੈਲ ਮਿਟਾਉਣੀ ਔਖੀ ਏ

ਭੁੱਲਾ ਕੇ ਅਤੀਤ ਕਿਸੇ ਦਾ
ਵਿਦਵਾ ਅਪਣਾਉਣੀ ਔਖੀ ਏ
ਚੰਗੀਆਂ ਗੱਲਾਂ ਸਾਰੇ ਕਰ ਸਕਦੇ
ਔਖੀ ਗੱਲ ਨਹੀਂ
ਪਤਾ ਤਾਂ ਫੇਰ ਲੱਗੇ ਜਦੋਂ ਗੱਲ
ਆਪਣੇ ਆਪ ਤੇ ਲਿਆ

ਕੇ ਮੁਕਾਉਣੀ ਔਖੀ ਏ
ਗਲਤੀ ਨਾ ਕਰ ਕੇ ਵੀ
ਗੁਰੂ ਅੱਗੇ ਨਜ਼ਰ ਝੁਕਾਉਣੀ ਔਖੀ ਏ
ਸਹੀ ਹੁੰਦਿਆ ਵੀ ਗਲਤੀ
ਅਪਣਾਉਣੀ ਔਖੀ ਏ
ਸਹੀ ਹੁੰਦਿਆ ਵੀ ਗਲਤੀ
ਅਪਣਾਉਣੀ ਔਖੀ ਏ

## ਭੁੱਖ ਦੀ ਅੱਗ

ਇੱਕ ਰੋਟੀ ਦੇ ਟੁੱਕੜੇ ਲਈ
ਬੱਚੇ ਲੜਦੇ ਵੇਖੇ ਨੇ
ਭੁੱਖ ਦੀ ਅੱਗ ਚ
ਦੋ ਮਾਸੂਮ ਸੱੜਦੇ ਵੇਖੇ ਨੇ
ਮੈਂ ਬੱਚੇ ਲੱੜਦੇ ਵੇਖੇ ਨੇ

ਖੇਡਣ ਦੀਆਂ ਉਮਰਾਂ ਚ
ਪੰਡ ਜਿੰਮੇਵਾਰੀ ਦੀ
ਚੱਕਦੇ ਵੇਖੇ ਨੇ
ਫੁੱਲਾਂ ਜਿਹੇ ਹੱਥ
ਮੈਂ ਪੱਥਰਾਂ ਨਾਲ ਲੜਦੇ ਵੇਖੇ ਨੇ
ਇੱਕ ਰੋਟੀ ਦੇ ਟੁੱਕੜੇ ਲਈ
ਬੱਚੇ ਲੱੜਦੇ ਵੇਖੇ ਨੇ

ਪੜ੍ਹਨ ਲਿਖਣ ਦੇ ਚਾਅ ਦਾ ਸਿਵਾ
ਮੈਂ ਆਪਣੇ ਮਨ ਚ
ਬਾਲਦੇ ਵੇਖੇ ਨੇ
ਪਤਾ ਨਹੀਂ ਕੀ ਮਜ਼ਬੂਰੀ ਸੀ
ਉਨ੍ਹਾਂ ਦੀ
ਜੋ ਪਹਾੜਾਂ ਨਾਲ ਓ
ਪਏ ਲੜਦੇ ਵੇਖੇ ਨੇ

ਇੱਕ ਰੋਟੀ ਦੇ ਟੁੱਕੜੇ ਲਈ

ਬੱਚੇ ਲੜਦੇ ਵੇਖੇ ਨੇ

ਭੁੱਖ ਦੀ ਅੱਗ ਚ

ਦੋ ਮਾਸੂਮ ਸੜਦੇ ਵੇਖੇ ਨੇ

ਭੁੱਖ ਦੀ ਅੱਗ ਚ

ਦੋ ਮਾਸੂਮ ਸੜਦੇ ਵੇਖੇ ਨੇ

## ਅੰਨ੍ਹੀ ਦੌੜ

ਸਾਰੇ ਭੱਜ ਰਹੇ ਨੇ

ਨਾ ਮੁੱਕਣ ਵਾਲੀ ਦੌੜ ਚ

ਹਰ ਰਿਸ਼ਤੇ ਤੋਂ ਉੱਚਾ ਜੋੜ ਰਹੇ ਨੇ

ਪੈਸੇ ਨੂੰ ਹਰ ਮੋੜ ਚ

ਭੁੱਲਾ ਕੇ ਸਭ ਦੂਰੀਆਂ ਨੂੰ

ਨਾ ਮੁੜ ਰਹੇ ਨੇ

ਆਪਣੀ ਜ਼ਿੰਦਗੀ ਦੇ ਮੋੜ ਚ

ਇੰਨ੍ਹਾਂ ਜਰੂਰੀ ਨਹੀਂ ਸੀ

ਜਿਨ੍ਹਾਂ ਭੱਜ ਰਹੇ ਹਾਂ

ਅਸੀਂ ਪੈਸੇ ਦੀ ਅੰਨ੍ਹੀ ਦੌੜ ਚ

ਸਭ ਤੋਂ ਉੱਚੀ ਮੈਂ

ਢੇਰੀ ਵੀ ਲਾ ਲਈ

ਇਸ ਦੌੜ ਚ

ਆਪਣੀ ਉਮਰ ਗਵਾ ਲਈ

ਅੰਤ ਨੂੰ ਆ ਖੜਿਆ ਹਾਂ

ਸਭ ਦੇ ਨਾਲ ਹੀ
ਇਸ ਮੋੜ ਚ

ਇੰਨ੍ਹਾਂ ਜਰੂਰੀ ਨਹੀਂ ਸੀ
ਜਿੰਨ੍ਹਾਂ ਭੱਜ ਰਹੇ ਸੀ
ਅਸੀਂ ਪੈਸੇ ਦੀ ਦੌੜ ਚ
ਇੰਨ੍ਹਾਂ ਜਰੂਰੀ ਨਹੀਂ ਸੀ
ਜਿੰਨ੍ਹਾਂ ਭੱਜ ਰਹੇ ਸੀ
ਅਸੀਂ ਪੈਸੇ ਦੀ ਅੰਨ੍ਹੀ ਦੌੜ ਚ
ਪੈਸੇ ਦੀ ਅੰਨ੍ਹੀ ਦੌੜ ਚ

## ਸਮੇਂ ਦਾ ਗੇੜ

ਜੋ ਅੱਜ ਤੈਨੂੰ ਸੁੱਕੇ ਲੱਗ ਰਹੇ ਨੇ
ਜ਼ਿੰਦਗੀ ਤੋਂ ਮੁੱਕੇ
ਲੱਗ ਰਹੇ ਨੇ
ਕਦੇ ਤਾਂ ਉਹ ਵੀ ਹਰੇ ਸੀ
ਜ਼ਿੰਦਗੀ ਦੇ ਨਾਲ ਭਰੇ ਸੀ

ਕਿਉਂ ਤੂੰ ਇਸ ਨੂੰ
ਨਫ਼ਰਤ ਨਾ ਏ ਵੇਖ ਰਿਹਾ ਏ
ਇਹ ਵੀ ਤਾਂ ਕਦੇ
ਮੁਹੱਬਤ ਦੇ ਨਾਲ ਭਰੇ ਸੀ
ਸਮੇਂ-ਸਮੇਂ ਦੀ ਗੱਲ ਏ ਹੁੰਦੀ
ਕਦੇ ਘੜੀ ਮੇਰੇ ਵੱਲ ਤੇ

ਕਦੇ ਤੇਰੇ ਵੱਲ ਏ ਹੁੰਦੀ
ਜੋ ਅੱਜ ਤੇਰੇ ਲਈ ਮਰ ਰਹੇ ਨੇ
ਉਹ ਵੀ ਤਾਂ ਕਦੇ ਕਿਸੇ ਲਈ ਮਰੇ ਸੀ

ਜੋ ਅੱਜ ਤੈਨੂੰ ਸੁੱਕੇ ਲੱਗ ਰਹੇ ਨੇ
ਓ ਵੀ ਤਾਂ ਕਦੇ ਹਰੇ ਸੀ
ਜ਼ਿੰਦਗੀ ਦੇ ਨਾਲ ਭਰੇ ਸੀ
ਜ਼ਿੰਦਗੀ ਦੇ ਨਾਲ ਭਰੇ ਸੀ

## ਸਾਡੇ ਸੱਚ

ਬੜਿਆਂ ਦੇ ਆਲ੍ਹਣੇ ਤੋੜੇ
ਆਪਣਾ ਘਰ ਬਣਾਉਣ ਲਈ
ਕੀ ਫਾਇਦਾ ਸਾਨੂੰ
ਕਿਸੇ ਦਾ ਘਰ ਤੋੜ ਕੇ
ਆਪਣੇ ਮਹਿਲ ਬਣਾਏ ਦਾ

ਇਸ ਤੋਂ ਚੰਗਾ ਤਾਂ ਅਸੀਂ
ਉਜੜੇ ਹੀ ਠੀਕ ਸੀ
ਕੀ ਫਾਇਦਾ ਫਿਰ ਤੋਂ
ਖੁਦ ਨੂੰ ਵਸਾਏ ਦਾ

ਕਾਗਜ਼ ਦੀ ਦੌੜ ਚ
ਅਸੀਂ ਇੰਨ੍ਹਾਂ ਰੁੱਝ ਗਏ
ਕੀ ਫਾਇਦਾ ਅਸਾਂ ਦੇ
ਕਾਗਜ਼ ਬਣਾਏ ਦਾ

ਮੰਨਦਾ ਪੈਸਾ ਜਰੂਰੀ ਏ
ਜ਼ਿੰਦਗੀ ਚ
ਜਿਸ ਪੈਸੇ ਨੇ ਲੱਖਾਂ ਦੁਸ਼ਮਣ
ਖੜੇ ਕਰ ਦਿੱਤੇ
ਕੀ ਫਾਇਦਾ ਸਾਡੇ ਅਜਿਹੇ
ਪੈਸੇ ਦੇ ਢੇਰ ਲਾਏ ਦਾ
ਕੀ ਫਾਇਦਾ ਸਾਡੇ ਅਜਿਹੇ
ਪੈਸੇ ਦੇ ਢੇਰ ਲਾਏ ਦਾ

## ਪਵਿੱਤਰ ਦਰ

ਝੁੱਕਣਾ ਮੈਨੂੰ ਆ ਰਿਹਾ ਏ
ਮੈਨੂੰ ਆਪਣੇ ਦਰ ਤੇ
ਸੇਵਾ ਲਈ ਓ
ਬੁੱਲਾ ਰਿਹਾ ਏ
ਮੇਰੇ ਬਖਸ਼ ਗੁਨਾਹ ਓ
ਪੀੜ੍ਹੀਆਂ ਦੇ
ਮੈਨੂੰ ਆਪਣੇ ਪੈਰਾਂ ਚ
ਬੈਠਾ ਰਿਹਾ ਏ
ਮੈਨੂੰ ਸਵਰਗ ਦਾ ਓ
ਪਾਕ ਨਿਜ਼ਾਰਾ
ਧਰਤੀ ਤੇ ਖੁੱਲਿਆਂ
ਅੱਖਾਂ ਨਾਲ ਵਿੱਖਾ ਰਿਹਾ ਏ
ਸਭ ਤੋਂ ਉੱਚਾ ਤੇ

ਸੁੱਚਾ ਰਾਜ
ਫਿਰ ਤੋਂ ਆ ਰਿਹਾ ਏ
ਮੈਨੂੰ ਫਿਰ ਤੋਂ ਇੱਕ ਅਰਸਾ
ਯਾਦ ਆ ਰਿਹਾ ਏ
ਖੁਦਾ ਮੈਨੂੰ ਆਪਣੇ ਦਰ ਤੇ
ਸੇਵਾ ਲਈ ਬੁੱਲਾ ਰਿਹਾ ਏ
ਸੇਵਾ ਲਈ ਬੁੱਲਾ ਰਿਹਾ ਏ

ਆਪਣਾ ਅਨਮੋਲ ਸਮਾਂ ਦੇ ਕੇ ਆਪਣੀ ਕਿਤਾਬ ਪੜ੍ਹਨ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।ਇਸ ਸਬੰਧੀ ਆਪਣੇ ਵਿਚਾਰ ਜਰੂਰ ਦਿਓ ਜੀ।ਜੇਕਰ ਕੁੱਝ ਗਲਤ ਲੱਗੇ ਤਾਂ ਵੀ ਜਰੂਰ ਦੱਸਿਓ ਜੀ ਤਾਂ ਜੋ ਅੱਗੇ ਤੋਂ ਉਸ ਸਬੰਧੀ ਧਿਆਨ ਰੱਖਿਆ ਜਾਵੇ ਜੀ।

ਲੇਖਕ ਦੀਆਂ ਹੋਰ ਲਿਖਤਾਂ
ਅਧੂਰੀ ਮੁਹੱਬਤ
ਇਬਾਦਤ ਏ ਮੁਹੱਬਤ
ਅਧੂਰੀ ਦਾਸਤਾਨ
ਲਫ਼ਜ਼ਾਂ ਦੀ ਵਾਰਤਾ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਮੋਬਾਇਲ ਨੰਬਰ
96465-34356
ਮੇਲ
www.sagarsingh8200@gmail.com